ਲਾਤਵੀਆ

euaa
EUROPEAN UNION
AGENCY FOR ASYLUM

# ਮੇਰੇ ਫਿੰਗਰਪ੍ਰਿੰਟਸ ਅਤੇ ਫੋਟੋਗ੍ਰਾਫ਼ ਦੀ ਲੋੜ ਕਿਉਂ ਹੈ?

ਟਾਈਪ F

**ਨੈਸ਼ਨਲ ਰੀਸੈਟਲੇਟਮੈਂਟ ਜਾਂ ਹਿਉਮੈਨਿਟੇਰੀਅਨ ਐਡਮਿਸ਼ਨ ਪ੍ਰੋਗਰਾਮ ਅਧੀਨ ਮੁੜ ਵਸੇਬੇ ਵਾਲੇ ਵਿਅਕਤੀ**



PUNJABI

## ਮੈਨੂੰ ਇਹ ਬਰੋਸ਼ਰ ਕਿਉਂ ਮਿਲਿਆ ਹੈ?

ਤੁਹਾਨੂੰ ਇੱਕ ਰਾਸ਼ਟਰੀ ਪੁਨਰਵਾਸ ਜਾਂ ਹਿਉਮੈਨਿਟੇਰੀਅਨ ਐਡਮਿਸ਼ਨ ਸਕੀਮ ਦੇ ਤਹਿਤ ਇੱਕ EU+ ਦੇਸ਼ ਵਿੱਚ ਦਾਖਲ ਕੀਤਾ ਗਿਆ ਹੈ

ਇਹ ਬਰੋਸ਼ਰ ਅਥਾਰਿਟੀਜ਼ ਦੁਆਰਾ ਸਟੋਰ ਕੀਤੇ ਜਾਣ ਵਾਲੇ ਡੇਟਾ ਅਤੇ ਕਿੰਨੇ ਸਮੇਂ ਲਈ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

## ਮੈਨੂੰ ਆਪਣਾ ਫੋਟੋਗ੍ਰਾਫ਼ ਅਤੇ ਫਿੰਗਰਪ੍ਰਿੰਟਸ ਕਿਉਂ ਦੇਣੇ ਪੈਣਗੇ?

ਇਸ ਦੇਸ਼ ਦੇ ਅਥਾਰਿਟੀਜ਼ ਤੁਹਾਡੇ ਫਿੰਗਰਪ੍ਰਿੰਟਸ ਅਤੇ ਫੋਟੋ ਲੈਣਗੇ। ਇਹ ਡੇਟਾ, ਤੁਹਾਡੀ ਪਛਾਣ ਅਤੇ ਹੋਰ ਸੰਬੰਧਿਤ ਜਾਣਕਾਰੀ ਦੇ ਨਾਲ, Eurodac ਡੇਟਾਬੇਸ ਵਿੱਚ ਟ੍ਰਾਂਸਮਿਟ ਕੀਤਾ ਜਾਵੇਗਾ।

Eurodac ਕੁਝ ਸ਼੍ਰੇਣੀਆਂ ਦੇ ਲੋਕਾਂ ਨੂੰ ਜੋ ਕਿਸੇ EU+ ਦੇਸ਼ ਦੇ ਨਾਗਰਿਕ ਨਹੀਂ ਹਨ, ਉਹਨਾਂ ਦੇ ਫਿੰਗਰਪ੍ਰਿੰਟਸ ਅਤੇ ਫੋਟੋ ਦੇ ਵਿਲੱਖਣ ਸੈੱਟ ਨਾਲ ਜੋੜਦਾ ਹੈ।

ਇਹ ਡੇਟਾਬੇਸ 31 EU+ ਦੇਸ਼ਾਂ ਦੁਆਰਾ ਵਰਤਿਆ ਜਾਂਦਾ ਹੈ ਜੋ ਤੁਹਾਡੀ ਜਾਣਕਾਰੀ ਪ੍ਰਾਪਤ ਕਰਨ ਲਈ ਤੁਹਾਡੇ ਡੇਟਾ ਦੀ ਪ੍ਰੋਸੈਸ ਕਰ ਸਕਦੇ ਹਨ। ਇਸ ਬਰੋਸ਼ਰ ਦੇ ਅੰਤ ਵਿੱਚ EU+ ਦੇਸ਼ ਸੂਚੀਬੱਧ ਕੀਤੇ ਹਨ।

## Eurodac ਵਿੱਚ ਕਿਹੜੀ ਜਾਣਕਾਰੀ ਸਟੋਰ ਕੀਤੀ ਜਾਂਦੀ ਹੈ?



ਹੇਠ ਲਿਖੀ ਜਾਣਕਾਰੀ ਹਮੇਸ਼ਾ ਸਟੋਰ ਕੀਤੀ ਜਾਂਦੀ ਹੈ:

- ਤੁਹਾਡੇ ਫਿੰਗਰਪ੍ਰਿੰਟ
- ਤੁਹਾਡੇ ਚਿਹਰੇ ਦੇ ਫ਼ੋਟੋਗ੍ਰਾਫ
- ਸਾਰੇ ਨਾਮ ਜੋ ਤੁਸੀਂ ਹੁਣ ਵਰਤਦੇ ਹੋ ਜਾਂ ਪਹਿਲਾਂ ਵਰਤੇ ਰਹੇ ਹੋ
- ਸਾਰੀਆਂ ਜਨਮ ਮਿਤੀਆਂ ਜੋ ਤੁਸੀਂ ਹੁਣ ਜਾਂ ਪਹਿਲਾਂ ਵਰਤੀਆਂ ਹਨ
- ਤੁਹਾਡਾ ਜਨਮ ਸਥਾਨ
- ਤੁਹਾਡੀ ਕੌਮੀਅਤ ਜਾਂ ਰਾਸ਼ਟਰੀਅਤਾ
- ਤੁਹਾਡਾ ਲਿੰਗ
- ਪਛਾਣ ਜਾਂ ਯਾਤਰਾ ਦਸਤਾਵੇਜ਼ਾਂ ਦੀਆਂ ਕਾਪੀਆਂ ਜੋ ਤੁਸੀਂ ਵਰਤੀਆਂ ਹਨ, ਜਿੱਥੇ ਉਪਲਬਧ ਹੋਣ, ਉਹਨਾਂ ਦੀ ਪ੍ਰਮਾਣਿਕਤਾ ਬਾਰੇ ਜਾਣਕਾਰੀ ਸ਼ਾਮਿਲ ਹੈ
- ਉਸ ਅਥਾਰਿਟੀਜ਼ ਦੀ ਯੂਜ਼ਰ ID ਜਿਸਨੇ ਤੁਹਾਡੇ ਫਿੰਗਰਪ੍ਰਿੰਟ ਅਤੇ ਫੋਟੋ ਲਈ ਸੀ ਅਤੇ ਤੁਹਾਡੇ ਡੇਟਾ ਨੂੰ ਲੈਣ ਅਤੇ ਟ੍ਰਾਂਸਮਿਟ ਕਰਨ ਦੀਆਂ ਮਿਤਆਂ

ਹੇਠ ਲਿਖੀ ਜਾਣਕਾਰੀ Eurodac ਵਿੱਚ ਵੀ ਸਟੋਰ ਕੀਤੀ ਜਾਵੇਗੀ ਜਿੱਥੇ ਲੋੜ ਹੋਵੇ:

- ਉਹ ਮਿਤੀ ਜਿਸ ਦਿਨ EU+ ਦੇਸ਼ ਨੇ ਤੁਹਾਨੂੰ ਅੰਤਰਰਾਸ਼ਟਰੀ ਜਾਂ ਮਾਨਵਤਾਵਾਦੀ ਸੁਰੱਖਿਆ ਪ੍ਰਦਾਨ ਕੀਤੀ ਸੀ।

ਤੁਹਾਨੂੰ Eurodacਵਿੱਚ ਸਟੋਰ ਕੀਤੀ ਗਈ ਗਲਤ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਸੋਧਣ ਦਾ ਅਧਿਕਾਰ ਹੈ ਅਤੇ ਜੇਕਰ ਇਸਨੂੰ ਗੈਰ-ਕਾਨੂੰਨੀ ਢੰਗ ਨਾਲ ਸੰਭਾਲਿਆ ਗਿਆ ਹੈ ਤਾਂ ਆਪਣੀ ਜਾਣਕਾਰੀ ਨੂੰ ਮਿਟਾਉਣ ਦੀ ਬੇਨਤੀ ਕਰਨ ਦਾ ਵੀ ਅਧਿਕਾਰ ਹੈ। ਤੁਸੀਂ ਅਜਿਹਾ ਕਰਨ ਲਈ ਡੇਟਾ ਕੰਟਰੋਲਰ ਨਾਲ ਸੰਪਰਕ ਕਰ ਸਕਦੇ ਹੋ। ਡੇਟਾ ਕੰਟਰੋਲਰ ਦੇ ਸੰਪਰਕ ਵੇਰਵੇ '**Eurodac ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ**' ਸਿਰਲੇਖ ਵਾਲੇ ਬਰੋਸ਼ਰ ਵਿੱਚ ਮਿਲ ਸਕਦੇ ਹਨ।

## ਮੇਰਾ ਨਿੱਜੀ ਡੇਟਾ EURODAC ਵਿੱਚ ਕਿੰਨੇ ਲੰਬੇ ਸਮੇਂ ਤਕ ਸਟੋਰ ਕੀਤਾ ਜਾਵੇਗਾ?



ਤੁਹਾਡੀ ਜਾਣਕਾਰੀ 5 ਸਾਲਾਂ ਲਈ ਸਟੋਰ ਕੀਤੀ ਜਾਵੇਗੀ ਅਤੇ ਫਿਰ ਆਪਣੇ ਆਪ ਮਿਟਾ ਦਿੱਤੀ ਜਾਵੇਗੀ।

ਜੇਕਰ ਤੁਸੀਂ ਇਸ ਮਿਆਦ ਦੀ ਸਮਾਪਤੀ ਤੋਂ ਪਹਿਲਾਂ ਕਿਸੇ EU+ ਦੇਸ਼ ਵਿੱਚ ਨਾਗਰਿਕਤਾ ਪ੍ਰਾਪਤ ਕਰਦੇ ਹੋ, ਤਾਂ ਤੁਹਾਡਾ ਡੇਟਾ ਮਿਟਾ ਦਿੱਤਾ ਜਾਵੇਗਾ। ਜੇਕਰ ਤੁਹਾਡਾ ਡੇਟਾ ਮਿਟਾ ਦਿੱਤਾ ਜਾਂਦਾ ਹੈ, ਤਾਂ ਇਹ ਉਸ ਦੇਸ਼ ਵਿੱਚ ਤੁਹਾਡੀ ਸਥਿਤੀ ਨੂੰ ਪ੍ਰਭਾਵਿਤ ਨਹੀਂ ਕਰੇਗਾ ਜਿੱਥੇ ਤੁਹਾਨੂੰ ਨਾਗਰਿਕਤਾ ਮਿਲੀ ਹੈ।

**ਹੁਣ ਤੁਸੀਂ ਲਾਤਵੀਆ ਵਿੱਚ ਹੋ, ਜੋ ਕਿ ਇੱਕ EU+ ਦੇਸ਼ ਹੈ।**
**EU+ ਦੇਸ਼ ਇਹ ਹਨ:**

ਯੂਰਪੀਅਨ ਯੂਨੀਅਨ (EU) ਦੇ 27 ਮੈਂਬਰ ਰਾਜ: ਆਸਟਰੀਆ, ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਸਾਈਪ੍ਰਸ, ਚੈੱਕੀਆ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਇਟਲੀ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਮਾਲਟਾ, ਨੀਦਰਲੈਂਡ, ਪੋਲੈਂਡ, ਪੁਰਤਗਾਲ, ਆਇਰਲੈਂਡ ਗਣਰਾਜ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ ਅਤੇ

4 ਹੋਰ ਦੇਸ਼ ਹਨ: ਆਈਸਲੈਂਡ, ਲੀਚਟਨਸਟਾਈਨ, ਨਾਰਵੇ, ਸਵਿਟਜ਼ਰਲੈਂਡ।

ਇਹ ਨੋਟ ਸਿਰਫ਼ ਜਾਣਕਾਰੀ ਲਈ ਹੈ। ਇਹ ਆਪਣੇ ਆਪ ਵਿੱਚ ਕੋਈ ਅਧਿਕਾਰ ਜਾਂ ਜ਼ਿੰਮੇਵਾਰੀਆਂ ਨਹੀਂ ਬਣਾਉਂਦਾ ਹੈ। ਇਸ ਨੋਟ ਵਿੱਚ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਲਈ ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਜ਼ਿੰਮੇਵਾਰ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025